# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 09-11-2024**

ਸਰਕਾਰ ਨੇ ਅੱਜ ਦੱਸਿਆ ਏ ਕਿ ਪੰਜਾਬ ਦੀਆਂ ਮੰਡੀਆਂ ਵਿੱਚ 126 ਲੱਖ ਮੀਟ੍ਰਿਕ ਟਨ ਤੋਂ ਵੱਧ ਝੋਨੇ ਦੀ ਆਮਦ ਹੋਈ ਏ। ਇਸ ਵਿੱਚੋਂ, 120 ਲੱਖ ਮੀਟ੍ਰਿਕ ਟਨ ਤੋਂ ਵੱਧ ਦੀ ਖਰੀਦ ਰਾਜ ਏਜੰਸੀਆਂ ਅਤੇ ਭਾਰਤੀ ਖੁਰਾਕ ਨਿਗਮ (FCI) ਵੱਲੋਂ ਕੀਤੀ ਗਈ ਸੀ । ਖਪਤਕਾਰ ਮਾਮਲਿਆਂ, ਖੁਰਾਕ ਅਤੇ ਜਨਤਕ ਵੰਡ ਬਾਰੇ ਮੰਤਰਾਲੇ ਨੇ ਕਿਹਾ ਕਿ ਗ੍ਰੇਡ 'ਏ' ਝੋਨੇ ਲਈ 2320 ਰੁਪਏ ਪ੍ਰਤੀ ਕੁਇੰਟਲ ਦੇ ਘੱਟੋ-ਘੱਟ ਸਮਰਥਨ ਮੁੱਲ 'ਤੇ ਝੋਨਾ ਖਰੀਦਿਆ ਜਾ ਰਿਹਾ ਏ। ਮੌਜੂਦਾ ਸਾਉਣੀ ਮੰਡੀਕਰਨ ਰੁਤ ਦੌਰਾਨ ਸਰਕਾਰ ਵੱਲੋਂ ਹੁਣ ਤੱਕ ਕੁੱਲ 27 ਹਜ਼ਾਰ 995 ਕਰੋੜ ਰੁਪਏ ਦਾ ਝੋਨਾ ਖਰੀਦਿਆ ਗਿਆ ਏ । ਇਸ ਨਾਲ ਲਗਭਗ 6 ਲਖ 58 ਹਜ਼ਾਰ ਕਿਸਾਨਾਂ ਨੂੰ ਫਾਇਦਾ ਹੋਇਆ ਏ । ਪੰਜਾਬ ਵਿੱਚ ਸਾਉਣੀ ਮੰਡੀਕਰਨ ਰੁਤ 2024-25 ਲਈ ਝੋਨੇ ਦੀ

ਖਰੀਦ ਪਹਿਲੀ ਅਕਤੂਬਰ ਤੋਂ ਸ਼ੁਰੂ ਹੋ ਗਈ ਏ। ਸੂਬੇ ਭਰ ਵਿੱਚ ਝੋਨੇ ਦੀ ਨਿਰਵਿਘਨ ਖਰੀਦ ਲਈ 2 ਹਜ਼ਾਰ 927 ਤੈਅ ਮੰਡੀਆਂ ਅਤੇ ਆਰਜ਼ੀ ਯਾਰਡ ਚੱਲ ਰਹੇ ਨੇ. ਕੇਂਦਰ ਸਰਕਾਰ ਨੇ ਇਸ ਮਹੀਨੇ ਦੀ 30 ਤਰੀਕ ਤੱਕ ਜਾਰੀ ਰਹਿਣ ਵਾਲੇ ਮੰਡੀਕਰਨ ਰੁਤ ਲਈ 185 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਦਾ ਟੀਚਾ ਮਿੱਥਿਆ ਏ।

---------------------------------------------------------------

ਗੁਰਦਵਾਰਾ ਸ੍ਰੀ ਕਰਤਾਰਪੁਰ ਸਾਹਿਬ ਜੀ ਦੇ ਲਾਂਘੇ ਨੂੰ ਖੁਲਿਆਂ ਅੱਜ ਪੂਰੇ ਪੰਜ ਸਾਲ ਹੋ ਗਏ ਨੇ. ਇਹ ਲਾਂਘਾ 9 ਨਵੰਬਰ 2019 ਨੂੰ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਵੱਲੋਂ ਖੋਲਿਆ ਗਿਆ ਸੀ. ਜੋ ਸੰਗਤਾਂ ਦਰਸ਼ਨ ਦੀਦਾਰੇ ਕਰਨ ਵਾਸਤੇ ਗੁਰਦਵਾਰਾ ਸ੍ਰੀ ਕਰਤਾਰਪੁਰ ਸਾਹਿਬ ਜਾ ਰਹੀਆ ਨੇ,ਉਨ੍ਹਾਂ ਨਾਲ ਹੋਈ ਗੱਲਬਾਤ ‘ਚ ਓਹਨਾਂ ਨੇ ਕਾਫੀ ਖੁਸ਼ੀ ਜ਼ਾਹਿਰ ਕੀਤੀ. ਦਰਸ਼ਨ ਕਰਨ ਜਾ ਰਹੀਆਂ ਸੰਗਤਾਂ ਦਾ ਕਹਿਣਾ ਏ ਕਿ ਭਾਰਤ ਤੇ ਪਾਕਿਸਤਾਨ ਵੱਲੋਂ ਖੋਲਿਆ ਗਿਆ ਲਾਂਘਾ ਦੋਹਾਂ ਦੇਸ਼ਾਂ ਦਰਮਿਆਨ ਪੁੱਲ ਵੱਜੋਂ ਏ ਅਤੇ ਦੋਹਾਂ ਦੇਸ਼ਾਂ ਦੇ ਲੋਕਾਂ ਨੂੰ ਮਿਲਵਾਉਣ ਦਾ ਕੰਮ ਕਰ ਰਿਹਾ ਏ. ਜ਼ਿਕਰ ਯੋਗ ਏ ਕਿ ਇਹ ਲਾਂਘੇ ਰਾਹੀਂ ਪਿਛਲੇ

ਪੰਜ ਸਾਲਾਂ 'ਚ 3 ਲੱਖ 42 ਹਜ਼ਾਰ ਦੇ ਕਰੀਬ ਸੰਗਤਾਂ ਗੁਰੂਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਚੁੱਕਿਆ ਨੇ. ਸੰਗਤਾਂ ਨੇ ਜਿੱਥੇ ਦੋਵਾ ਸਰਕਾਰਾਂ ਦਾ ਧੰਨਵਾਦ ਕੀਤਾ ਉੱਥੇ ਇਹ ਅਰਦਾਸ ਵੀ ਕੀਤੀ ਕਿ ਇਹ ਵਿਛੜਿਆ ਨੂੰ ਮਿਲਾਉਣ ਵਾਲਾ ਲਾਂਘਾ ਹਮੇਸ਼ਾ ਲਈ ਇਸੇ ਖੁਲਾ ਰਹੇ ਅਤੇ ਸੰਗਤਾਂ ਦਰਸ਼ਨ ਦੀਦਾਰ ਕਰਦੀਆਂ ਰਹਿਣ- BYTE –

---------------------------------------------

ਪੰਜਾਬ ਸਰਕਾਰ ਦੇ ਰੱਖਿਆ ਭਲਾਈ ਵਿਭਾਗ ਵੱਲੋਂ ਸਾਬਕਾ ਫੌਜੀਆਂ ਅਤੇ ਫੌਜੀਆਂ ਦੀਆਂ ਵਿਧਵਾਵਾਂ ਲਈ ਆਪਣੇ ਜੀਵਨ ਪ੍ਰਮਾਣ ਪੱਤਰ ਅਪਲੋਡ ਕਰਨ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਮਹਿੰਦਰ ਭਗਤ ਨੇ ਕਿਹਾ ਕਿ ਰੱਖਿਆ ਭਲਾਈ ਵਿਭਾਗ, ਪੰਜਾਬ ਵਿੱਚ ਰਹਿ ਰਹੇ ਸਾਬਕਾ ਸੈਨਿਕਾਂ, ਵਿਧਵਾਵਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਦੀ ਭਲਾਈ ਲਈ ਹਮੇਸ਼ਾ ਕਾਰਜਸ਼ੀਲ ਰਹਿੰਦਾ ਏ . ਇਸ ਸਮੇਂ ਪੰਜਾਬ ਵਿੱਚ ਕੁੱਲ 4, ਲਖ 33,ਹਜ਼ਾਰ ਸਾਬਕਾ ਫੌਜੀ ਅਤੇ ਵਿਧਵਾਵਾਂ ਨੇ. ਹਾਲ ਹੀ ਵਿੱਚ, ਸਾਬਕਾ ਸੈਨਿਕਾਂ ਅਤੇ ਵਿਧਵਾਵਾਂ ਦੀ ਪੈਨਸ਼ਨ 'ਸਪਰਸ਼' ਪ੍ਰਣਾਲੀ

ਰਾਹੀਂ ਦਿੱਤੀ ਜਾਣ ਲੱਗੀ ਏ । ਜ਼ਿਕਰਯੋਗ ਏ ਕਿ ਸਪਰਸ਼ ਪ੍ਰਣਾਲੀ ਪਿਛਲੇ ਥੋੜ੍ਹੇ ਸਮੇਂ ਤੋਂ ਹੀ ਪੈਨਸ਼ਨ ਦੇਣ ਲਈ ਅਪਣਾਈ ਗਈ ਏ ਤੇ, ਇਸ ਕਰਕੇ ਪੈਨਸ਼ਨ ਉਪਭੋਗਤਾਂਵਾਂ ਨੂੰ ਇਸ ਸਬੰਧੀ ਮੁਕੰਮਲ ਜਾਣਕਾਰੀ ਨਹੀ ਏ । ਇਹਨਾਂ ਪੈਨਸ਼ਨਰਾਂ ਦੀ ਸਹੂਲਤ ਲਈ ਸਾਰੇ ਜ਼ਿਲ੍ਹਾ ਰੱਖਿਆ ਸੇਵਾਵਾ ਦਫਤਰਾ ਵਿਚ 11 ਨਵਬੰਰ 2024 ਤੋ 22 ਨਵੰਬਰ 2024 ਤੱਕ ਸਪਰਸ਼ ਪ੍ਰਣਾਲੀ ਰਾਹੀਂ ਜੀਵਨ ਪ੍ਰਮਾਣ ਪੱਤਰ ਅਪਲੋਡ ਕਰਨ ਲਈ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਨੇ ਤਾਂ ਜੋ ਸਾਬਕਾ ਸੈਨਿਕ ਅਤੇ ਉਹਨਾ ਦੇ ਪਰਿਵਾਰਾਂ ਨੂੰ ਸਪਰਸ਼ ਪ੍ਰਣਾਲੀ ਰਾਹੀਂ ਜੀਵਨ ਪ੍ਰਮਾਣ ਪੱਤਰ ਅਪਲੋਡ ਕਰਨ ਵਿੱਚ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਾ ਆਵੇ। ਇਸ ਵਿਸ਼ੇਸ਼ ਕੈਂਪ ਦੌਰਾਨ ਸਾਰੇ ਜਿਲਾ ਰੱਖਿਆ ਸੇਵਾਵਾ ਦਫਤਰਾਂ ਵਿਖੇ ਵੱਖਰੇ ਤੌਰ ਤੇ ਸਪਰਸ਼ ਬੈਨਰ ਹੇਠ ਇੱਕ ਹੈਲਪ ਡੈਸਕ ਸਥਾਪਿਤ ਕੀਤਾ ਜਾਵੇਗਾ।

---------------------------------------------------

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ

ਆਧਾਰ ਕਾਰਡ ਨੂੰ ਸਮੇਂ ਸਮੇਂ 'ਤੇ ਅਪਡੇਟ ਕਰਵਾਉਣਾ ਬਹੁਤ ਜ਼ਰੂਰੀ ਏ ਨਹੀਂ ਲੋੜ ਸਮੇਂ ਆਧਾਰ ਕਾਰਡ ਅਪਡੇਟ ਨਾ ਹੋਣ ਕਾਰਨ ਨਾਗਰਿਕਾਂ ਨੂੰ ਵੱਖ ਵੱਖ ਸੇਵਾਵਾਂ ਦਾ ਲਾਭ ਪ੍ਰਾਪਤ ਕਰਨ ਸਮੇਂ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਸਕਦਾ ਏ । ਉਨ੍ਹਾਂ ਜਾਣਕਾਰੀ ਦਿੱਤੀ ਕਿ 5 ਤੋਂ 7 ਸਾਲ ਅਤੇ 15 ਤੋਂ 17 ਸਾਲ ਦੇ ਬੱਚਿਆਂ ਦਾ ਆਧਾਰ ਕਾਰਡ ਅੱਪਡੇਟ (ਬਾਇਓਮੀਟ੍ਰਿਕ) ਕਰਵਾਉਣਾ ਜ਼ਰੂਰੀ ਏ ਤੇ ਇਹ ਸੇਵਾ ਕੇਂਦਰਾਂ ਵਿੱਚ ਮੁਫਤ ਵਿੱਚ ਅੱਪਡੇਟ ਕੀਤਾ ਜਾਂਦਾ ਏ ਤੇ ਇਹ ਸੇਵਾ ਜ਼ਿਲ੍ਹੇ ਦੇ ਸਾਰੇ 42 ਸੇਵਾ ਕੇਂਦਰਾਂ ਵਿੱਚ ਉਪਲੱਬਧ ਏ । ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ 10 ਸਾਲ ਪੁਰਾਣੇ ਆਧਾਰ ਕਾਰਡ ਨੂੰ ਅਪਡੇਟ ਕਰਵਾਉਣਾ ਜ਼ਰੂਰੀ ਏ ਅਤੇ ਇਸ ਵਿੱਚ ਬਾਇਓਮੀਟ੍ਰਿਕ ਅਤੇ ਪਤੇ ਦਾ ਸਬੂਤ ਅੱਪਡੇਟ ਕੀਤਾ ਜਾ ਸਕਦਾ ਏ । ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੱਖ-ਵੱਖ ਸਰਕਾਰੀ ਸਹੂਲਤਾਂ ਦਾ ਨਿਰਵਿਘਨ ਲਾਭ ਉਠਾਉਣ ਲਈ ਆਪਣੇ ਮੋਬਾਈਲ ਨੰਬਰ ਅਤੇ ਦਸਤਾਵੇਜ਼ਾਂ ਨੂੰ ਆਧਾਰ ਨਾਲ ਅਪਡੇਟ ਕਰਦੇ ਰਹਿਣ।

---------------------------------------------------------

ਪੰਜਾਬ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਏ ਜਿਸ ਦਾ ਅਸਰ ਪੰਜਾਬ ਦੇ ਨਾਲ-ਨਾਲ ਚੰਡੀਗੜ੍ਹ ਵਿੱਚ ਵੀ ਦੇਖਣ ਨੂੰ ਮਿਲ ਰਿਹਾ ਏ । ਪੰਜਾਬ ਵਿੱਚ ਪਰਾਲੀ ਸਾੜ੍ਹਨ ਦੇ ਹੁਣ ਤੱਕ 5 ਹਜ਼ਾਰ 299 ਕੇਸ ਦਰਜ ਹੋ ਚੁੱਕੇ ਨੇ. ਜਿਨ੍ਹਾਂ ਵਿੱਚੋਂ ਪਿਛਲੇ 10 ਦਿਨਾਂ ਵਿੱਚ ਹੀ 3 ਹਜ਼ਾਰ 162 ਕੇਸ ਦਰਜ ਕੀਤੇ ਗਏ ਨੇ. ਪੰਜਾਬ ਵਿੱਚ ਸਖ਼ਤੀ ਦੇ ਬਾਵਜੂਦ ਇਸ ਨੂੰ ਰੋਕਣਾ ਮੁਸ਼ਕਲ ਹੁੰਦਾ ਜਾ ਰਿਹਾ ਏ । ਪੰਜਾਬ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਨਾ ਰੁਕਣ ਕਾਰਨ ਚੰਡੀਗੜ੍ਹ ਰੈੱਡ ਜ਼ੋਨ ਵਿੱਚ ਪਹੁੰਚ ਗਿਆ ਏ ਜਦਕਿ ਪੰਜਾਬ ਦੇ 5 ਜ਼ਿਲ੍ਹੇ ਔਰੇਂਜ ਜ਼ੋਨ ‘ਚ ਨੇ. ਚੰਡੀਗੜ੍ਹ ਦਾ AQI ਅੱਧੀ ਰਾਤ ਨੂੰ 325 ਅਤੇ ਵੱਧ ਤੋਂ ਵੱਧ 408 ਦਰਜ ਕੀਤਾ ਗਿਆ। ਇਸ ਦੇ ਨਾਲ ਹੀ, ਪੰਜਾਬ ਦੇ ਮੰਡੀ ਗੋਬਿੰਦਗੜ੍ਹ ਵਿੱਚ AQI 280 ਦਰਜ ਕੀਤਾ ਗਿਆ. ਅੰਮ੍ਰਿਤਸਰ ਵਿੱਚ, AQI 240 ਸੀ, ਇਸੇ ਤਰ੍ਹਾਂ ਬਠਿੰਡਾ ਦਾ ਔਸਤ AQI,170, ਜਲੰਧਰ 173, ਖੰਨਾ 202, ਲੁਧਿਆਣਾ 216, ਪਟਿਆਲਾ 148 ਅਤੇ ਰੂਪਨਗਰ 225 ਦਰਜ ਕੀਤਾ ਗਿਆ ਏ ।

-----------------------------------------------------

ਭਾਰਤ ਦੀ ਮਰਦਾਂ ਦੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਅਤੇ ਸਾਬਕਾ ਗੋਲਕੀਪਰ ਪੀਆਰ ਸ਼੍ਰੀਜੇਸ਼ ਨੇ ਸਾਲ 2024 ਲਈ FIH Player of the Year and Goalkeeper of the Year ਖਿਤਾਬ ਜਿੱਤੇ ਣ . ਹਰਮਨਪ੍ਰੀਤ ਅਤੇ ਸ਼੍ਰੀਜੇਸ਼ ਦੋਵਾਂ ਨੂੰ ਕੱਲ੍ਹ ਓਮਾਨ ਵਿੱਚ 49ਵੀਂ FIH ਸਟੈਚੂਟਰੀ ਕਾਂਗਰਸ ਦੌਰਾਨ ਇਹ ਮਾਨਤਾ ਮਿਲੀ । ਦੋ ਵਾਰ ਦੇ ਓਲੰਪਿਕ ਕਾਂਸੀ ਤਮਗਾ ਜੇਤੂ ਹਰਮਨਪ੍ਰੀਤ ਨੂੰ ਓਹਨਾਂ ਦੀ ਸ਼੍ਰੇਣੀ ਵਿੱਚ ਪਈਆਂ ਕੁੱਲ ਵੋਟਾਂ ਵਿੱਚੋਂ 63 ਫੀਸਦੀ ਤੋਂ ਵੱਧ ਵੋਟਾਂ ਮਿਲੀਆਂ। ਇਸੇ ਤਰ੍ਹਾਂ, ਸ਼੍ਰੀਜੇਸ਼ ਨੇ ਆਪਣੀ ਸ਼੍ਰੇਣੀ ਦੀਆਂ ਸਾਰੀਆਂ ਵੋਟਾਂ ਵਿਚੋਂ 62 ਫੀਸਦੀ ਤੋਂ ਵੱਧ ਵੋਟਾਂ ਹਾਸਿਲ ਕੀਤੀਆਂ. ਜੇਤੂਆਂ ਦੀ ਚੋਣ, ਮਾਹਿਰ ਪੈਨਲ, ਰਾਸ਼ਟਰੀ ਹਾਕੀ ਐਸੋਸੀਏਸ਼ਨਾਂ, ਪ੍ਰਸ਼ੰਸਕਾਂ ਅਤੇ ਮੀਡੀਆ ਦੀ ਸ਼ਮੂਲੀਅਤ ਵਾਲੀ ਵੋਟਿੰਗ ਪ੍ਰਕਿਰਿਆ ਰਾਹੀਂ ਕੀਤੀ ਗਈ ਸੀ। (NSD )

ਹਰਮਨਪ੍ਰੀਤ ਇਸ ਤੋਂ ਪਹਿਲਾਂ 2020-21 ਅਤੇ 2021-22 ਵਿੱਚ ਦੋ ਮੌਕਿਆਂ 'ਤੇ FIH ਪਲੇਅਰ ਆਫ ਦਿ ਈਅਰ ਅਵਾਰਡ ਜਿੱਤ ਚੁੱਕੇ ਨੇ . ਪੀਆਰ ਸ਼੍ਰੀਜੇਸ਼ ਪੈਰਿਸ ਓਲੰਪਿਕ ਦੀ ਕਾਂਸੀ ਤਮਗਾ ਜੇਤੂ ਟੀਮ ਦਾ

ਹਿੱਸਾ ਸਨ। ਉਨ੍ਹਾਂ ਨੇ ਪੈਰਿਸ 2024 ਓਲੰਪਿਕ ਵਿੱਚ ਆਪਣੇ ਸ਼ਾਨਦਾਰ ਕੈਰੀਅਰ ਦੀ ਸਮਾਪਤੀ ਕੀਤੀ.